Punjab Government Gazette

Published by Authority

No. 20] CHANDIGARH, FRIDAY, MAY 15, 2026 (VAISAKHA 25 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ-1 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 26 ਮਾਰਚ, 2024

ਨੰ:09/05/2022-ਪ.ਪ.1(5)/3783:-ਡਾ.ਅਨੂਪ੍ਰੀਤ ਕੌਰ ਵੈਟੀ ਅਫਸਰ, ਸਿਵਲ ਪਸ਼ੂ ਹਸਪਤਾਲ, ਮੋਗਾ (ਹੁਣ ਗੈਰ-ਹਾਜਰ) ਨੂੰ ਮਿਤੀ 24.9.2018 ਤੋਂ ਸਮੱਰਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਿਨਾਂ ਆਪਣੀ ਮਰਜੀ ਨਾਲ ਡਿਊਟੀ ਤੋ ਗੈਰ-ਹਾਜ਼ਰ ਰਹਿਣ ਦੇ ਦੋਸ਼ਾ ਤਹਿਤ ਯਾਦ ਪੱਤਰ ਨੰ:09/05/2022-ਪ.ਪ.1(5)/895, ਮਿਤੀ 18.1.2022 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾਂ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਚਾਰਜਸੀਟ ਜਾਰੀ ਕੀਤੀ ਗਈ ਸੀ, ਜੋ ਡਾਕ ਵਿਭਾਗ ਵਲੋ ਰਾਹੀ " Left India- ਸ਼੍ਰੀਮਾਨ ਜੀ ਸਟਾਫ ਦੇ ਕਹਿਣ ਮੁਤਾਬਿਕ ਪ੍ਰਾਪਤ ਕਰਤਾ ਵਿਦੇਸ਼ ਹੈ ਦੇ ਕਥਨਾ ਨਾਲ ਵਾਪਿਸ ਕੀਤੀ ਜਾਂਦੀ ਹੈ" ਦੇ ਕਥਨਾ ਨਾਲ ਵਾਪਿਸ ਪ੍ਰਾਪਤ ਹੋ ਗਿਆ ਸੀ। ਡਾਇਰੈਕਟਰ, ਪਸ਼ੂ ਪਾਲਣ ਵਲੋਂ ਪੱਤਰ ਨੰ:144, ਮਿਤੀ 01.02.2022 ਰਾਹੀਂ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ,ਮੋਗਾ ਦੇ ਪੱਤਰ ਨੰ: 510, ਮਿਤੀ 27.01.2022 ਅਨੁਸਾਰ ਅਧਿਕਾਰਨ ਨੂੰ ਘਰੇਲੂ ਪਤੇ ਤੇ ਉਸ ਦੇ ਪਰਿਵਾਰਕ ਮੈਂਬਰ ਰਛਮਿੰਦਰ ਸਿੰਘ ਵਲੋਂ ਚਾਰਜਸੀਟ ਦੀ ਕਾਪੀ ਰਸੀਵ ਕੀਤੀ ਗਈ ਸੀ। ਪ੍ਰੰਤੂ ਇਸ ਅਧਿਕਾਰਨ ਵੱਲੋਂ ਚਾਰਜਸੀਟ ਦੇ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਹੀਂ ਦਿੱਤਾ ਗਿਆ ਸੀ।

2. ਸਰਕਾਰ ਦੇ ਪਿ.ਅੰ.ਨੰ. 09/05/2022-ਪ.ਪ.1(5)/895,ਮਿਤੀ 07.03.2022 ਰਾਹੀ ਸ਼੍ਰੀ ਬਰਿੰਦਰ ਸਿੰਘ, ਜਿਲਾ ਅਤੇ ਸੈਸਨ ਜੱਜ (ਰਿਟਾਇਰਡ) ਨੂੰ " ਪੜਤਾਲੀਆ ਅਫਸਰ" ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 30.09.2022 ਅਨੁਸਾਰ ਅਧਿਕਾਰਨ ਨੂੰ ਮਿਤੀ 06.04.2022 ਨੂੰ ਪੜਤਾਲ ਵਿੱਚ ਹਾਜਰ ਹੋਣ ਲਈ ਪੈਰਵੀ ਕਰਤਾ ਅਫਸਰ ਵਲੋਂ ਪੱਤਰ ਨੰ: 27-29, ਮਿਤੀ 25.03.2022 ਰਾਹੀ ਭੇਜਿਆ ਨੋਟਿਸ ਡਾਕ ਵਿਭਾਗ ਵਲੋ ਅਣ- ਡਲਿਵਰਡ ਵਾਪਿਸ ਹੋ ਗਿਆ ਸੀ। ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਮੋਗਾ ਦੇ ਪੱਤਰ ਨੰ: 1020, ਮਿਤੀ 01.4.2022 ਅਨੁਸਾਰ ਅਧਿਕਾਰਨ ਦੇ ਘਰ ਨੋਟਿਸ ਦਸਤੀ ਡਲਿਵਰ ਕਰਵਾਉਣ ਗਏ ਡਾ.ਲਵਲੀਪ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ ਭਿੰਡਰਕਲਾਂ , (ਮੋਗਾ) ਨੂੰ ਆਂਢ ਗੁਆਂਢ ਤੋ ਪਤਾ ਲੱਗਾ ਕਿ ਅਧਿਕਾਰਨ ਅਤੇ ਉਸਦਾ ਪਰਿਵਾਰ ਵਿਦੇਸ਼ ਚਲਾ ਗਿਆ ਹੈ। ਜਿਸ ਕਰਕੇ ਨੋਟਿਸ ਅਧਿਕਾਰਨ ਦੇ ਰਿਸਤੇਦਾਰ ਸ੍ਰੀ ਕੁਲਦੀਪ ਸਿੰਘ ਪੁੱਤਰ ਸ੍ਰੀ ਹਰਬੰਸ ਸਿੰਘ ਵਾਸੀ ਭਿੰਡਰ ਖੁਰਦ ਜੋ ਪਿੰਡ ਦੇ ਨੰਬਰਦਾਰ ਵੀ ਹਨ,ਨੂੰ ਰਸੀਵ ਕਰਵਾ ਦਿੱਤਾ ਸੀ। ਪ੍ਰੰਤੂ ਅਧਿਕਾਰਨ ਮਿਤੀ 06.04.2022 ਨੂੰ ਪੜਤਾਲ ਵਿੱਚ ਹਾਜ਼ਰ ਨਹੀ ਹੋਈ ਸੀ। ਉਪਰੰਤ

ਪੜਤਾਲੀਆ ਅਫਸਰ ਵਲੋ ਮਿਤੀ 18.05.2022 ਨੂੰ "Daily Tribune" ਅਤੇ " Daily Jagbani" ਅਖਬਾਰਾਂ ਰਾਹੀਂ ਪਬਲਿਕ ਨੋਟਿਸ ਛਪਵਾਉਣ ਦੇ ਬਾਵਜੂਦ ਵੀ ਅਧਿਕਾਰਨ ਮਿਤੀ 31.05.2022 ਨੂੰ ਪੜਤਾਲੀਆਂ ਕਾਰਵਾਈ ਵਿੱਚ ਸ਼ਾਮਲ ਨਹੀਂ ਹੋਈ ਸੀ। ਪੜਤਾਲੀਆ ਅਫਸਰ ਵਲੋ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 30.09.2022 ਰਾਹੀਂ ਅਧਿਕਾਰਨ ਵਿਰੁੱਧ ਸਾਰੇ ਦੋਸ਼ ਸਿੱਧ ਕੀਤੇ ਹਨ।

3. ਇਸ ਉਪਰੰਤ ਵਿਭਾਗ ਵੱਲੋਂ ਰਜਿਸਟਰਡ ਮੀਮੋ ਨੰ:09/05/2022-ਪ.ਪ.1(5)/5287, ਮਿਤੀ 14.10.2022 ਰਾਹੀਂ ਡਾ. ਅਨੂਪ੍ਰੀਤ ਕੌਰ, ਵੈਟਰਨਰੀ ਅਫਸਰ (ਹੁਣ ਗੈਰ-ਹਾਜਰ) ਨੂੰ ਪੜਤਾਲ ਰਿਪੋਰਟ ਮਿਤੀ 30.09.2022 ਦੀ ਕਾਪੀ ਉਸਦੇ ਘਰੇਲੂ ਪਤੇ ਤੇ ਭੇਜ ਕੇ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਪੱਖ ਕਰਨ ਲਈ ਲਿਖਿਆ ਗਿਆ ਸੀ। ਪ੍ਰੰਤੂ ਇਹ ਪੱਤਰ ਡਾਕ ਵਿਭਾਗ ਵੱਲੋਂ ਵਾਪਿਸ ਪ੍ਰਾਪਤ ਹੋ ਗਿਆ ਸੀ। ਡਾਇਰੈਕਟਰ,ਪਸ਼ੂ ਪਾਲਣ ਵਲੋਂ ਪੱਤਰ ਨੰ: 199, ਮਿਤੀ 16.01.2023 ਅਨੁਸਾਰ ਪੜਤਾਲ ਰਿਪੋਰਟ ਦੀ ਕਾਪੀ ਅਧਿਕਾਰਨ ਦੇ ਘਰੇਲੂ ਪਤੇ ਤੇ ਉਸ ਦੇ ਪਿਤਾ ਵੱਲੋਂ ਪ੍ਰਾਪਤ ਕੀਤੀ ਹੈ, ਅਧਿਕਾਰਨ ਦੇ ਪਿਤਾ ਵੱਲੋ ਦੱਸਿਆ ਗਿਆ ਕਿ ਡਾ:ਅਨੂਪ੍ਰੀਤ ਕੌਰ,ਵੈਟਰਨਰੀ ਅਫਸਰ, ਵਿਦੇਸ਼ ਚੱਲੀ ਗਈ ਹੈ। ਅਧਿਕਾਰਨ ਵਲੋਂ ਪੜਤਾਲ ਰਿਪੋਰਟ ਦੇ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਹੈ।

4. ਇਸ ਤਰਾਂ ਅਧਿਕਾਰਨ ਵਲੋਂ ਸਰਕਾਰ ਦੇ ਕਿਸੇ ਵੀ ਪੱਤਰ ਦਾ ਉੱਤਰ ਨਹੀ ਦਿੱਤਾ ਗਿਆ ਸੀ, ਜਿਸ ਤੋ ਸਪੱਸ਼ਟ ਹੈ ਕਿ ਉਹ ਸਰਕਾਰ ਦੇ ਕਿਸੇ ਪੱਤਰ ਦਾ ਉੱਤਰ ਨਹੀਂ ਦੇਣਾ ਚਾਹੁੰਦੀ ਅਤੇ ਨਾ ਹੀ ਅੱਗੇ ਸਰਕਾਰੀ ਸੇਵਾ ਕਰਨਾ ਚਾਹੁੰਦੀ ਹੈ। ਇਸ ਲਈ ਸਮਰੱਥ ਅਥਾਰਿਟੀ ਵਲੋ ਡਾ.ਅਨੂਪ੍ਰੀਤ ਕੌਰ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ,ਮੋਗਾ (ਹੁਣ ਗੈਰ-ਹਾਜਰ) ਨੂੰ ਉਸ ਦੀ ਗੈਰ-ਹਾਜ਼ਰੀ ਦੀ ਮਿਤੀ 24.09.2018 ਤੋਂ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੌਰ ਤੇ ਫੈਸਲਾ ਲਿਆ ਗਿਆ ਸੀ। ਇਸ ਅਧਿਕਾਰਨ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੌਰ ਤੇ ਲਏ ਗਏ ਫੈਸਲੇ ਸਹਿਮਤੀ ਪ੍ਰਾਪਤ ਕਰਨ ਬਾਰੇ ਮੀਮੋ ਨੰ:09/05/2022-ਪ.ਪ.1(5) /2308, ਮਿਤੀ :17.04.2023 ਰਾਹੀ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨਾਲ ਟੇਕ ਅੱਪ ਕੀਤਾ ਗਿਆ ਸੀ। ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋ ਪੱਤਰ ਨੰ:ਡਿਸ192/2023/ਅ-7/7961, ਮਿਤੀ 12.03.2024 ਰਾਹੀ ਸੂਚਿਤ ਕੀਤਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਡਾ.ਅਨੂਪ੍ਰੀਤ ਕੌਰ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਮੋਗਾ (ਹੁਣ ਗੈਰ-ਹਾਜਰ) ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਹਿਮਤੀ ਦਿੱਤੀ ਗਈ ਹੈ।

5. ਇਸ ਪ੍ਰਕਾਰ ਕੇਸ ਦੇ ਸਮੁੱਚੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਪੜਤਾਲੀਆ ਅਫਸਰ ਦੀ ਪੜਤਾਲ ਰਿਪੋਰਟ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਵੱਲੋਂ ਪ੍ਰਸੰਨਤਾ ਪੂਰਵਕ ਡਾ.ਅਨੂਪ੍ਰੀਤ ਕੌਰ, ਵੈਟਰਨਰੀ ਅਫਸਰ,ਸਪੁੱਤਰੀ ਭਜਨ ਸਿੰਘ, ਵਾਸੀ ਪਿੰਡ ਭਿੰਡਰ ਖੁਰਦ ਬਲਾਕ ਧਰਮਕੋਟ, ਜਿਲ੍ਹਾ ਮੋਗਾ ਨੂੰ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਿਨ੍ਹਾਂ ਮਿਤੀ 24.09.2018 ਤੋ ਆਪਣੀ ਡਿਊਟੀ ਤੋ ਗੈਰ-ਹਾਜ਼ਰ ਰਹਿਣ ਦੇ ਦੋਸ਼ਾ ਕਾਰਣ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ,1970 ਦੇ ਨਿਯਮ 8 ਅਧੀਨ ਯਾਦ ਪੱਤਰ ਨੰ: 09/05/2022-ਪ.ਪ.1(5)/895, ਮਿਤੀ 18.1.2022 ਰਾਹੀ ਜਾਰੀ ਹੋਈ ਚਾਰਜਸੀਟ ਦਾ ਫੈਸਲਾ ਕਰਦੇ ਹੋਏ ਉਸਦੀ ਗੈਰ-ਹਾਜ਼ਰੀ ਦੀ ਮਿਤੀ 24.09.2018 ਤੋਂ ਸਰਕਾਰੀ ਸੇਵਾ ਤੋ ਡਿਸਮਿਸਲ ਦੀ ਸਜਾ ਦਿੱਤੀ ਜਾਂਦੀ ਹੈ।

ਵਿਕਾਸ ਪ੍ਰਤਾਪ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ।

ਚੰਡੀਗੜ੍ਹ

ਮਿਤੀ 22 ਮਾਰਚ, 2024

3716/5-2026/Pb. Govt. Press, S.A.S. Nagar